# ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ।

(ਫੁੱਟਕਲ ਸ਼ਾਖਾ)

ਹੁਕਮ ਨੰਬਰ 319 /ਫਸ

ਕੋਵਿਡ-19 (ਕੋਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲਣ ਤੋਂ ਬਾਅਦ ਇਸ ਨੇ ਆਪਣੇ ਪੈਰ ਪੂਰੇ ਭਾਰਤ ਵਿੱਚ ਪਸਾਰਨੇ ਸੁਰੂ ਕਰ ਦਿੱਤੇ ਹਨ। ਜਿਸ ਨੂੰ ਮੁੱਖ ਰੱਖਦੇ ਹੋਏ, ਜ਼ਿਲ੍ਹਾ ਫਰੀਦਕੋਟ ਵਿੱਚ ਵੀ ਇਸ ਵਾਇਰਸ ਦੇ ਫੈਲਣ ਦਾ ਖਤਰਾ ਲਗਾਤਾਰ ਬਣਿਆ ਹੋਇਆ ਹੈ ਅਤੇ ਨਤੀਜੇ ਵਜੋ ਕੋਰੋਨਾ ਵਾਇਰਸ ਪੀੜਤ ਵਿਅਕਤੀਆਂ ਦੀਆਂ ਹੁਣ ਤੱਕ ਪੰਜਾਬ ਭਰ ਵਿੱਚ 8 ਮੌਤਾਂ ਵੀ ਹੋ ਚੁੱਕੀਆ ਹਨ।

ਕੋਰੋਨਾ ਵਾਇਰਸ ਨਾਲ ਪੀੜਤ ਮ੍ਰਿਤਕ ਦੀ ਦੇਹ ਦਾ ਸਸਕਾਰ ਕਰਨ ਲਈ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਨਵੀਂ ਦਿੱਲੀ ਵੱਲੋਂ ਜਾਰੀ Covid-19: Guidelines on Dead Body Management, ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: IDSP/NHM/PB/20/2123-88 ਮਿਤੀ 05.04.2020 ਅਤੇ ਪੰਜਾਬ ਪੁਲਿਸ ਰੂਲਜ-2019 ਦੇ ਸਬ ਪੈਰਾ (6) 25:36 ਨੂੰ ਮੁੱਖ ਰੱਖਦੇ ਹੋਏ, ਕੋਰੋਨਾ ਵਾਇਰਸ ਪੀੜਤਾਂ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਉਸ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ/ਗਾਈਡਲਾਈਨਜ ਜਾਰੀ ਕੀਤੀਆਂ ਜਾਂਦੀਆਂ ਹਨ:-

1. ਇਹ ਕਿ ਕੋਰੋਨਾ ਵਾਇਰਸ ਪੀੜਤ ਵਿਅਕਤੀ ਦੀ ਮੌਤ ਹੋ ਜਾਣ ਉਪਰੰਤ ਮ੍ਰਿਤਕ ਦੇਹ ਪਰਿਵਾਰ ਦੇ ਮੈਂਬਰਾਂ ਵੱਲੋਂ ਹੀ ਸਬੰਧਤ ਹਸਪਤਾਲ ਤੋਂ ਪ੍ਰਾਪਤ ਕੀਤੀ ਜਾਵੇਗੀ ਅਤੇ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਪਰਿਵਾਰ ਵੱਲੋਂ ਉਪਰੋਕਤ ਵਿੱਚ ਦਰਸਾਈਆਂ ਸਰਕਾਰ ਦੀਆਂ ਗਾਈਡਲਾਈਨਜ਼/ਹਦਾਇਤਾਂ ਮੁਤਾਬਕ ਸਰਕਾਰੀ ਗਠਿਤ ਕਮੇਟੀ ਦੀ ਹਾਜਰੀ ਵਿੱਚ ਕਰਨਾ ਲਾਜਮੀ ਹੋਵੇਗਾ।
2. ਇਹ ਕਿ ਜੇਕਰ ਮ੍ਰਿਤਕ ਦੇ ਪਰਿਵਾਰ ਦਾ ਮੈਂਬਰ ਉਸ ਦੀ ਲਾਸ਼ ਸਸਕਾਰ ਕਰਨ ਲਈ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਸਬੰਧਤ ਹਸਪਤਾਲ ਦੇ ਡਾਕਟਰ/ਮੈਡੀਕਲ ਸੁਪਰਡੈਂਟ ਵੱਲੋ ਇਸ ਬਾਰੇ ਸਬੰਧਤ ਥਾਣੇ ਦੇ ਮੁੱਖ ਥਾਣਾ ਅਫਸਰ ਨੂੰ ਲਿਖਤੀ ਸੂਚਨਾਂ ਭੇਜੀ ਜਾਵੇਗੀ।
3. ਇਹ ਕਿ ਸਬੰਧਤ ਡਾਕਟਰ/ਮੈਡੀਕਲ ਸੁਪਰਡੈਂਟ ਵੱਲੋਂ ਸੂਚਨਾਂ ਮਿਲਣ ਉਪਰੰਤ ਸਬੰਧਤ ਥਾਣੇ ਦਾ ਮੁੱਖੀ ਜਾਂ ਉਸ ਵੱਲੋਂ ਨਿਯੁਕਤ ਕੀਤੇ ਥਾਣੇਦਾਰ ਤੁਰੰਤ ਪੰਜਾਬ ਪੁਲਿਸ ਰੂਲਜ-1929 ਦੇ ਸਬ ਪੈਰਾ (6) ਪੈਰਾ 25:36 ਨੂੰ ਮੁੱਖ ਰੱਖਦੇ ਹੋਏ ਪੜਤਾਲ/ਲੋੜੀਂਦੀ ਕਾਰਵਾਈ ਕਰਨ ਉਪਰੰਤ ਜੇਕਰ ਪਾਇਆ ਜਾਂਦਾ ਹੈ ਕਿ ਮ੍ਰਿਤਕ ਦਾ ਕੋਈ ਵੀ ਪਰਿਵਾਰਕ ਮੈਂਬਰ ਜਾਂ ਮਿੱਤਰ, ਮ੍ਰਿਤਕ ਦੀ ਦੇਹ ਲੈਣ ਨੂੰ ਤਿਆਰ ਨਹੀਂ ਹਨ ਤਾਂ ਇਸ ਮ੍ਰਿਤਕ ਦੇਹ ਨੂੰ Unclaimed dead body ਤਸੱਵਰ ਕਰਦੇ ਹੋਏ ਮ੍ਰਿਤਕ ਦੀ ਲਾਸ਼ ਦਾ ਸਸਕਾਰ ਕਰਵਾਉਣ ਲਈ ਕਾਰਵਾਈ ਅਰੰਭ ਕਰੇਗਾ।
4. ਇਹ ਕਿ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਆਪਣੇ ਵੱਲੋਂ ਇਸ ਮੰਤਵ ਲਈ ਕਾਰਜਕਾਰੀ ਮੈਜਿਸਟ੍ਰੇਟ ਨੂੰ ਤੁਰੰਤ ਡਿਊਟੀ ਮੈਜਿਸਟ੍ਰੇਟ ਨਿਯੁਕਤ ਕਰੇਗਾ, ਜੋ ਪੁਲਿਸ, ਸਿਹਤ ਵਿਭਾਗ ਅਤੇ ਨਗਰ ਕੌਂਸਲ ਵੱਲੋਂ ਗਠਿਤ ਕੀਤੀ ਗਈ ਟੀਮ ਨਾਲ ਤਾਲਮੇਲ ਕਰਕੇ ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: IDSP/NHM/PB/20/2123-88 ਮਿਤੀ 05.04.2020 ਵਿੱਚ ਦਰਸਾਈਆਂ ਹਦਾਇਤਾਂ ਅਤੇ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਨਵੀਂ ਦਿੱਲੀ ਵੱਲੋਂ ਜਾਰੀ Covid-19: Guidelines on Dead Body Management ਵਿੱਚ ਦਰਸਾਈਆਂ ਗਾਈਡਲਾਈਜ ਨੂੰ ਮੁੱਖ ਰੱਖਦੇ ਹੋਏ ਮ੍ਰਿਤਕ ਦਾ ਸਸਕਾਰ ਆਪਣੀ ਹਾਜਰੀ ਵਿੱਚ ਕਰਵਾਏਗਾ।
5. ਇਹ ਕਿ ਮ੍ਰਿਤਕ ਦਾ ਸਸਕਾਰ ਕਰਨ ਤੋਂ ਪਹਿਲਾਂ ਸਬੰਧਤ ਡਿਊਟੀ ਮੈਜਿਸਟ੍ਰੇਟ ਅਤੇ ਮੁੱਖ ਥਾਣਾ ਅਫ਼ਸਰ ਸਾਂਝੇ ਤੌਰ ਉੱਪਰ ਆਪਣੇ ਵੱਲੋਂ ਮ੍ਰਿਤਕ ਦੇ ਪਰਿਵਾਰ ਨੂੰ ਇਸ ਗੱਲ ਲਈ ਜਰੂਰ ਪ੍ਰੇਰਿਤ ਕਰਨਗੇ ਕਿ ਉਹ ਮ੍ਰਿਤਕ ਦੇ ਅੰਤਿਮ ਸਸਕਾਰ ਵਿੱਚ ਹਾਜਰ ਆਕਰ ਅੰਤਿਮ ਰਸਮਾਂ ਨਿਭਾਉਣ।
6. ਕੋਰੋਨਾ ਵਾਇਰਸ ਪੀੜਤ ਮ੍ਰਿਤਕ ਦੀ ਲਾਸ਼ ਦਾ ਸਸਕਾਰ ਕਰਨ ਲਈ ਹੇਠ ਲਿਖੀ ਕਮੇਟੀ ਗਠਿਤ ਕੀਤੀ ਜਾਂਦੀ ਹੈ:-
   a. ਡਿਊਟੀ ਮੈਜਿਸਟ੍ਰੇਟ ਜੋ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਵੱਲੋਂ ਤੈਨਾਤ ਕੀਤਾ ਜਾਵੇਗਾ।
   b. ਸਬੰਧਤ ਥਾਣੇ ਦਾ ਮੁੱਖ ਥਾਣਾ ਅਫ਼ਸਰ ਜਾਂ ਉਸ ਵੱਲੋਂ ਅਧਿਕਾਰਿਤ ਕੀਤਾ ਥਾਣੇਦਾਰ।
   c. ਨਗਰ ਕੌਂਸਲ/ਨਗਰ ਪੰਚਾਇਤ ਵੱਲੋਂ ਗਠਿਤ ਕੀਤੀ ਕਮੇਟੀ ਦੇ ਸਮੂਹ ਮੈਂਬਰ।
   d. ਸਬੰਧਤ ਸ਼ਮਸ਼ਾਨ ਘਾਟ ਦਾ ਉਹ ਕਰਮਚਾਰੀ ਜੋ ਮ੍ਰਿਤਕ ਦੇਹ ਦਾ ਸਸਕਾਰ ਕਰਵਾਉਂਦਾ ਹੈ।
   e. ਪਰਿਵਾਰ ਦੀ ਇੱਛਾ ਮੁਤਾਬਕ ਸਬੰਧਤ ਪਰਿਵਾਰ ਦੇ ਉਹ ਮੈਂਬਰ ਜਿਨ੍ਹਾਂ ਨੇ ਮ੍ਰਿਤਕ ਦੇਹ ਨੂੰ ਅਗਨੀ ਭੇਂਟ ਕਰਨੀ ਹੋਵੇ।

Scanned with CamScanner

e. ਪਰਿਵਾਰ ਦੀ ਇੱਛਾ ਮੁਤਾਬਕ ਸਬੰਧਤ ਪਰਿਵਾਰ ਦੇ ਉਹ ਮੈਂਬਰ ਜਿਨ੍ਹਾਂ ਨੇ ਮ੍ਰਿਤਕ ਦੇਹ ਨੂੰ ਅਗਨੀ ਭੇਂਟ ਕਰਨੀ ਹੋਵੇ।

7. ਇਹ ਕਿ ਉਕਤ ਗਠਿਤ ਟੀਮ ਇਸ ਗੱਲ ਦਾ ਪੂਰਾ ਖਿਆਲ ਰੱਖੇਗੀ ਕਿ ਇਹ ਸਸਕਾਰ ਮ੍ਰਿਤਕ ਦੇ ਪਰਿਵਾਰ ਦੀਆਂ ਪਹਿਲਾਂ ਤੋਂ ਚੱਲੀਆਂ ਆ ਰਹੀਆਂ ਰੀਤੀ ਰਿਵਾਜਾਂ ਮੁਤਾਬਕ ਜੋ ਕੇਵਲ ਸ਼ਮਸ਼ਾਨ ਘਾਟ ਵਿੱਚ ਚੱਲਦੀਆਂ ਹਨ, ਉਪਰੋਕਤ ਪੈਰਾ ਨੰ: 4 ਵਿੱਚ ਦਰਜ ਸਰਕਾਰ ਦੀਆਂ ਹਦਾਇਤਾਂ/ਗਾਈਡਲਾਈਨਜ਼ ਮੁਤਾਬਕ ਕੀਤਾ ਜਾਵੇਗਾ।

8. ਸਿਵਲ ਸਰਜਨ, ਫ਼ਰੀਦਕੋਟ ਮ੍ਰਿਤਕ ਦੇਹ ਦਾ ਸਸਕਾਰ ਕਰਨ ਲਈ ਟੀਮ ਦੇ ਸਮੂਹ ਮੈਂਬਰਾਂ ਨੂੰ ਲੋੜ ਅਨੁਸਾਰ ਪ੍ਰੋਟੈਕਟਿਵ ਸਪਲਾਈ ਕਰਨਗੇ।

9. ਇਹ ਕਿ ਸਬੰਧਤ ਹਸਪਤਾਲ ਦਾ ਡਾਕਟਰ/ਮੈਡੀਕਲ ਸੁਪਰਡੈਂਟ ਮ੍ਰਿਤਕ ਦੀ ਦੇਹ ਨੂੰ ਵਿਸ਼ੇਸ਼ ਐਂਬੂਲੈਂਸ ਰਾਹੀਂ ਉਪਰੋਕਤ ਪੈਰੇ ਵਿੱਚ ਵਰਨਣ ਹਦਾਇਤ/ਗਾਈਡਲਾਈਨਜ਼ ਨੂੰ ਮੁੱਖ ਰੱਖਦੇ ਹੋਏ, ਪ੍ਰੋਟੋਕਾਲ ਮੁਤਾਬਕ ਲਾਸ਼ ਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਸ ਮੰਤਵ ਲਈ ਨਿਰਧਾਰਤ ਕੀਤੇ ਗਏ ਸ਼ਮਸ਼ਾਨ ਘਾਟ ਵਿੱਚ ਪਹੁੰਚਾਉਣ ਲਈ ਜਿੰਮੇਵਾਰ ਹੋਵੇਗਾ।

10. ਇਹ ਕਿ ਸਬੰਧਤ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਜ਼ਿਲ੍ਹਾ ਫ਼ਰੀਦਕੋਟ ਅਤੇ ਜਿਲ੍ਹੇ ਦੇ ਸਬੰਧਤ ਬੀ.ਡੀ.ਪੀ.ਓਜ਼ ਇਸ ਮੰਤਵ ਲਈ ਇਕ ਟੀਮ ਸਮੇਤ ਇਕ ਨੋਡਲ ਅਫ਼ਸਰ ਦਾ ਗਠਨ ਕਰੇਗਾ । ਇਸ ਟੀਮ ਦੇ ਅਧਿਕਾਰੀ/ਕਰਮਚਾਰੀਆਂ ਦੇ ਨਾਮ ਅਹੁਦੇ ਸਮੇਤ ਮੋਬਾਇਲ ਨੰਬਰ ਮੁਤਾਬਕ ਲਿਸਟ ਜਾਰੀ ਕਰੇਗਾ।

11. ਇਹ ਕਿ ਸਬੰਧਤ ਨਗਰ ਕੌਂਸਲ ਵੱਲੋਂ ਗਠਿਤ ਟੀਮ ਸਸਕਾਰ ਲਈ ਲੋੜੀਂਦਾ ਹਰ ਪ੍ਰਕਾਰ ਦਾ ਸਮਾਨ/ਸਮੱਗਰੀ/ਲੱਕੜ ਆਦਿ ਵੀ ਮੁਹੱਈਆ ਕਰਵਾਏਗੀ।

12. ਸਬੰਧਤ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ/ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਜ਼ਿਲ੍ਹਾ ਫ਼ਰੀਦਕੋਟ ਸ਼ਹਿਰ ਅਤੇ ਦਿਹਾਤੀ ਏਰੀਏ ਦੇ ਖਾਸ ਕਰਕੇ, ਉਹਨਾਂ ਸ਼ਮਸ਼ਾਨ ਘਾਟਾਂ, ਜੇਕਰ ਸੰਭਵ ਹੋਵੇ, ਉਹ ਸ਼ਮਸ਼ਾਨ ਘਾਟ ਜਿੱਥੇ ਸਸਕਾਰ ਇਲੈਕਟ੍ਰੋਨਿਕ ਮਸ਼ੀਨ ਜਾਂ ਗੈਸ ਮਸ਼ੀਨ ਰਾਹੀਂ ਕਰਨ ਦੀ ਸੁਵਿਧਾ ਉਪਲੱਬਧ ਹੋਵੇ, ਨੂੰ ਡੇਜੀਗਨੇਟ ਕਰਕੇ ਇਹਨਾਂ ਦੀ ਲਿਸਟ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਣਗੇ :-

| ਲੜੀ ਨੰ | ਸਮਸ਼ਾਨ ਘਾਟ ਦਾ ਨਾਮ ਜੇਕਰ ਸੰਭਵ ਹੋਵੇ ਤੇ ਪਤਾ | ਸਮਸ਼ਾਨ ਘਾਟ ਦੇ ਇੰਚਾਰਜ ਕਰਮਚਾਰੀ ਦਾ ਨਾਮ ਅਤੇ ਮੋਬਾਇਲ ਨੰਬਰ | ਸ਼ਮਸ਼ਾਨ ਘਾਟ ਦੇ ਕਰਮਚਾਰੀ ਦਾ ਨਾਮ ਤੇ ਮੋਬਾਇਲ ਨੰਬਰ ਜੋ ਮ੍ਰਿਤਕ ਦੇਹਾਂ ਦਾ ਸਸਕਾਰ ਕਰਵਾਉਂਦਾ ਹੈ। | ਕੀ ਸ਼ਮਸ਼ਾਨ ਘਾਟ ਵਿੱਚ ਦੇਹ ਦਾ ਸਸਕਾਰ ਕਰਨ ਲਈ ਇਲੈਕਟ੍ਰੋਨਿਕ ਜਾਂ ਗੈਸ ਵਿਧੀ ਨਾਲ ਸਸਕਾਰ ਕਰਨ ਦੀ ਸੁਵਿਧਾ ਉਪਲੱਬਧ ਹੈ (ਹਾਂ ਜਾ ਨਾਂ) |
|---|---|---|---|---|
| 1 | 2 | 3 | 4 | 5 |

13. ਕੋਰੋਨਾ ਪੀੜਤ ਮ੍ਰਿਤਕ ਦੇਹ ਦੇ ਸਸਕਾਰ ਲਈ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਨੋਡਲ ਅਫ਼ਸਰ ਹੋਣਗੇ ਜੋ ਉਪਰੋਕਤ ਹਦਾਇਤਾਂ ਦੇ ਪੈਰਾ ਨੰ: 6 ਵਿੱਚ ਲੜੀ ਨੰ: a ਤੋਂ d ਤੱਕ ਦਰਸਾਈਆਂ ਗਠਿਤ ਟੀਮਾਂ ਦੇ ਮੈਂਬਰਾਂ ਅਤੇ ਸਬੰਧਤ ਡੇਜੀਗਨੇਟਡ ਸ਼ਮਸ਼ਾਨ ਘਾਟ ਦੇ ਪ੍ਰਬੰਧਕਾਂ ਨਾਲ ਜਰੂਰੀ ਮੀਟਿੰਗਾਂ ਤੁਰੰਤ ਕਰਤੇ ਸਾਰੇ ਪ੍ਰਬੰਧਾਂ ਨੂੰ ਪਹਿਲਾਂ ਤੋਂ ਹੀ ਮੁਕੰਮਲ ਕਰਨਗੇ। ਇਸ ਤੋਂ ਇਲਾਵਾ ਨੋਡਲ ਅਫ਼ਸਰ ਉਕਤ ਵਰਨਣ ਟੀਮ ਦੇ ਸਾਰੇ ਮੈਂਬਰਾਂ ਨੂੰ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾ Covid-19: Guidelines on Dead Body Management, ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: IDSP/NHM/PB/20/2123-88 ਮਿਤੀ 05.04.2020 ਅਤੇ ਪੰਜਾਬ ਪੁਲਿਸ ਰੂਲਜ-2019 ਦੇ ਸਬ ਪੈਰਾ (6) 25:36 ਵਿੱਚ ਦਰਸਾਈਆਂ ਤਮਾਮ ਹਦਾਇਤਾਂ/ਗਾਈਡਲਾਈਨਜ਼ ਮੁਤਾਬਕ ਕੋਰੋਨਾ ਵਾਇਰਸ ਪੀੜਤ ਮ੍ਰਿਤਕ ਦੇਹ ਦਾ ਕਿਵੇਂ ਸਸਕਾਰ ਕੀਤਾ ਜਾਣਾ ਹੈ, ਦੀ ਪੂਰੀ ਟਰੇਨਿੰਗ ਦੇਣਗੇ ਤਾਂ ਕਿ ਸਰਕਾਰ ਦੀਆਂ ਗਾਈਡਲਾਈਨਜ਼/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹੋਣਾ ਯਕੀਨੀ ਹੋ ਸਕੇ।

14. ਇਹ ਕਿ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾCovid-19: Guidelines on Dead Body Management, ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: IDSP/NHM/PB/20/2123-88 ਮਿਤੀ 05.04.2020 ਰਾਹੀਂ ਜਾਰੀ ਕੀਤੀਆਂ ਗਾਈਡਲਾਈਨਜ਼ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹਿੱਤ ਸ਼ਾਮਲ ਹਨ।

ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

ਜ਼ਿਲ੍ਹਾ ਮੈਜਿਸਟ੍ਰੇਟ
ਫ਼ਰੀਦਕੋਟ।

Scanned with CamScanner

ਪਿਠ ਅੰਕਣ ਨੰ: 1952 /ਫੁਟਕਲ ਸ਼ਾਖਾ ਮਿਤੀ 09.04.2020.

ਇਸ ਦਾ ਇਕ ਉਤਾਰਾ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਿਕ ਸਰਕਾਰ ਵਿਭਾਗ, ਚੰਡੀਗੜ੍ਹ
4. ਵਿੱਤੀ ਕਮਿਸ਼ਨਰ ਅਤੇ ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਚੰਡੀਗੜ੍ਹ
5. ਪ੍ਰਿੰਸੀਪਲ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
6. ਪ੍ਰਿੰਸੀਪਲ ਸਕੱਤਰ, ਮਾਨਯੋਗ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ
7. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
8. ਸੀਨੀਅਰ ਕਪਤਾਨ ਪੁਲਿਸ, ਫ਼ਰੀਦਕੋਟ ਪਾਸ ਸੂਚਨਾਂ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਤੋਂ ਸਮੂਹ ਮੁੱਖ ਥਾਣਾ ਮੁਖੀਆਂ ਨੂੰ ਜਾਣੂ ਕਰਵਾਇਆ ਜਾਵੇ।
9. ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ
10. ਪ੍ਰਿੰਸੀਪਲ ਅਤੇ ਮੈਡੀਕਲ ਸੁਪਰਡੰਟ, ਜੀ.ਜੀ.ਐਸ. ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ
11. ਸਿਵਲ ਸਰਜਨ, ਫਰੀਦਕੋਟ
12. ਉਪ ਮੰਡਲ ਮੈਜਿਸਟ੍ਰੇਟ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਪਾਸ ਸੂਚਨਾਂ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
13. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
14. ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
15. ਕਾਰਜ ਸਾਧਕ ਅਫ਼ਸਰ, ਸਮੂਹ ਨਗਰ ਕੌਂਸਲ, ਜ਼ਿਲ੍ਹਾ ਫ਼ਰੀਦਕੋਟ ਅਤੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਜ਼ਿਲ੍ਹਾ ਫ਼ਰੀਦਕੋਟ ਨੂੰ ਸੂਚਨਾਂ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਹਦਾਇਤਾਂ/ਗਾਈਡਲਾਈਨਜ ਬਾਰੇ ਸਬੰਧਤ ਸ਼ਮਸ਼ਾਨ ਘਾਟਾਂ ਦੀ ਪ੍ਰਬੰਧਕ ਕਮੇਟੀ ਨੂੰ ਵੀ ਸੂਚਿਤ ਕੀਤਾ ਜਾਵੇ।

ਜ਼ਿਲ੍ਹਾ ਮੈਜਿਸਟ੍ਰੇਟ
ਫ਼ਰੀਦਕੋਟ।

Scanned with CamScanner